# 23rd ASEAN-India Senior Officials' Meeting

April 28, 2021

---

## ਆਸੀਆਨ ਅਤੇ ਭਾਰਤ ਦੇ ਸੀਨੀਅਰ ਅਧਕਿਾਰੀਆਂ ਦੀ 23ਵੀ ਬੈਠਕ

28 ਅਪ੍ਰੈਲ, 2021

1. ਸਕੱਤਰ (ਪੂਰਬ) ਸ਼੍ਰੀਮਤੀ ਰਿਵਾ ਗਾਂਗੁਲੀ ਦਾਸ ਨੇ 23 ਅਪ੍ਰੈਲ, 2021 ਨੂੰ ਥਾਈਲੈਂਡ ਦੇ ਸਥਾਈ ਸਕੱਤਰ ਮਹਾਮਹਿਮ ਸ਼੍ਰੀਮਾਨ ਥਾਨੀ ਥੋਂਗ ਫਕਦ ਦੇ ਨਾਲ ਮਿਲਕੇ 23ਵੀਂ ਆਸੀਆਨ -ਭਾਰਤ ਸੀਨੀਅਰ ਅਧਿਕਾਰੀਆਂ ਦੀ ਬੈਠਕ ਦੀ ਸਹਿ-ਪ੍ਰਧਾਨਗੀ ਕੀਤੀ। ਇਸ ਵਰਚੁਅਲ ਬੈਠਕ ਵਿੱਚ ਆਸੀਆਨ ਦੇ ਸਾਰੇ ਦਸ ਭਾਗੀਦਾਰ ਦੇਸ਼ਾਂ ਅਤੇ ਭਾਰਤ ਦੇ ਸੀਨੀਅਰ ਅਧਿਕਾਰੀਆਂ ਨੇ ਭਾਗੀਦਾਰੀ ਕੀਤੀ।

2. ਬੈਠਕ ਵਿੱਚ ਰਾਜਨੀਤਿਕ ਸੁਰੱਖਿਆ, ਆਰਥਿਕ, ਸਮਾਜਕ-ਸਭਿਆਚਾਰਕ ਅਤੇ ਵਿਕਾਸ ਸਹਿਯੋਗ ਤਹਿਤ ਚੱਲ ਰਹੇ ਆਸੀਆਨ-ਭਾਰਤ ਸਹਿਯੋਗ ਦੀ ਸਥਿਤੀ ਦਾ ਜਾਇਜ਼ਾ ਲਿਆ ਗਿਆ। ਬੈਠਕ ਵਿੱਚ ਆਸੀਆਨ -ਭਾਰਤ ਕਾਰਜ ਯੋਜਨਾ (2021-2025) ਨੂੰ ਲਾਗੂ ਕਰਨ ਲਈ ਕਦਮਾਂ ਅਤੇ ਆਸੀਆਨ -ਭਾਰਤ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਬਣਾਉਣ ਦੇ ਤਰੀਕਿਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ। ਬੈਠਕ ਦੌਰਾਨ COVID - 19 ਮਹਾਂਮਾਰੀ ਵਿਰੁੱਧ ਜੰਗ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਅਤੇ ਆਪਸੀ ਹਿਤਾਂ ਦੇ ਮਹੱਤਵਪੂਰਨ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦੇ ਵੀ ਸ਼ਾਮਲ ਸਨ।

3. ਸਕੱਤਰ (ਪੂਰਬ) ਨੇ ਆਪਣੀ ਟਿੱਪਣੀ ਵਿੱਚ ਥਾਈਲੈਂਡ ਦੁਆਰਾ ਪਿਛਲੇ ਤਿੰਨ ਸਾਲਾਂ ਤੋਂ ਆਸੀਆਨ-ਭਾਰਤ ਸੰਵਾਦ ਸਬੰਧਾਂ ਦੇ ਦੇਸ਼ ਕੋਆਰਡੀਨੇਟਰ ਵਜੋਂ ਨਿਭਾਈ ਜਾ ਰਹੀ ਜ਼ੋਰਦਾਰ ਅਤੇ ਹਿਮਾਇਤੀ ਭੂਮਿਕਾ ਦਾ ਸਵਾਗਤ ਕੀਤਾ ਅਤੇ ਸਿੰਗਾਪੁਰ ਨਾਲ ਅਗਲੇ ਦੇਸ਼ ਕੋਆਰਡੀਨੇਟਰ ਵਜੋਂ ਕੰਮ ਕਰਨ ਦੀ ਆਸ ਕੀਤੀ। ਭਾਰਤ ਦੇ ਭਾਰਤ-ਪ੍ਰਸ਼ਾਂਤ ਦੇ ਦਰਸ਼ਨ ਵਿੱਚ ਆਸੀਆਨ ਦੀ ਕੇਂਦਰੀ ਭੂਮਿਕਾ ਨੂੰ ਦਰਸਾਉਂਦੇ ਹੋਏ ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਭਾਰਤ ਮਜ਼ਬੂਤ, ਏਕੀਕ੍ਰਿਤ ਅਤੇ ਖੁਸ਼ਹਾਲ ਆਸੀਆਨ ਨੂੰ ਭਾਰਤ -ਪ੍ਰਸ਼ਾਂਤ ਖੇਤਰ ਵਿੱਚ ਸਭ ਦੀ ਸੁਰੱਖਿਆ ਅਤੇ ਵਿਕਾਸ ਵਿੱਚ ਯੋਗਦਾਨ ਪਾਉਂਦੀ ਕੇਂਦਰੀ ਭੂਮਿਕਾ ਨਿਭਾਉਂਦਾ ਵੇਖਣਾ ਚਾਹੁੰਦਾ ਹੈ। ਸਕੱਤਰ (ਪੂਰਬ) ਨੇ ਆਸੀਆਨ -ਭਾਰਤ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਭਾਰਤ ਦੀ ਭਾਰਤ-ਪ੍ਰਸ਼ਾਂਤ ਸਮੁੰਦਰੀ ਪਹਿਲਕਦਮੀ (IPOI) ਅਤੇ ਭਾਰਤ -ਪ੍ਰਸ਼ਾਂਤ ਬਾਰੇ ਆਸੀਅਨ ਨਜ਼ਰੀਏ (AOIP) ਵਿਚਕਾਰ ਤਾਲਮੇਲ ਦੀ ਪੜਚੋਲ ਕਰਨ ਉੱਤੇ ਵੀ ਜ਼ੋਰ ਦਿੱਤਾ।

4. ਆਸੀਆਨ ਦੇ ਸੀਨੀਅਰ ਅਧਿਕਾਰੀਆਂ ਨੇ ਸਾਲ 2022 ਨੂੰ ਆਸੀਆਨ-ਭਾਰਤ ਦੋਸਤੀ ਸਾਲ ਵਜੋਂ ਮਨਾਉਣ ਦੇ ਸਬੰਧ ਵਿੱਚ ਭਾਰਤੀ ਪ੍ਰਸਤਾਵ ਦਾ ਸਵਾਗਤ ਕੀਤਾ ਕਿਉਂਕਿ ਇਹ ਆਸੀਆਨ-ਭਾਰਤ ਖੇਤਰੀ ਭਾਗੀਦਾਰੀ ਦੀ 30ਵੀਂ, ਸੰਵਾਦ ਸੰਮੇਲਨ ਦੀ 25ਵੀਂ ਸਿਖਰ ਸੰਮੇਲਨ ਪੱਧਰੀ ਭਾਈਵਾਲੀ ਦੀ 20ਵੀਂ ਅਤੇ ਰਣਨੀਤਕ ਭਾਈਵਾਲੀ ਦੇ 10 ਸਾਲ ਪੂਰੇ ਹੋਣ ਦੀ ਵਰ੍ਹੇਗੰਢ ਹੈ। ਉਨ੍ਹਾਂ ਨੇ ਇਸ ਖੇਤਰ ਵਿੱਚ ਆਸੀਆਨ ਅਤੇ ਆਸੀਆਨ ਦੀ ਅਗੁਵਾਈ ਵਾਲੇ ਢਾਂਚੇ ਲਈ ਭਾਰਤ ਦੀ ਹਿਮਾਇਤ ਦੀ ਵੀ ਸ਼ਲਾਘਾ ਕੀਤੀ।

5. ਭਾਰਤ ਅਤੇ ਆਸੀਆਨ ਦਰਮਿਆਨ ਮਜ਼ਬੂਤ ਸਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਸਬੰਧ ਵਧੇਰੇ ਜੁੜਾਅ ਵਾਲੇ ਭਾਰਤ ਅਤੇ ਆਸੀਆਨ ਬਾਰੇ ਸਾਡੇ ਦ੍ਰਿਸ਼ਟੀਕੋਣ ਦੀ ਪ੍ਰਾਪਤੀ ਵੱਲ ਮਹੱਤਵਪੂਰਣ ਮੀਲ ਪੱਥਰ ਹਨ।

ਨਵੀਂ ਦਿੱਲੀ

28 ਅਪ੍ਰੈਲ, 2021

DISCLAIMER: This is an approximate translation. The original is available in English on MEA's website and may be referred to as the official press release.